ਈਮੇਲ ਰਾਹੀਂ

# ਦਫਤਰ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ, ਮਾਨਸਾ।

ਮਿਤੀ 15-07-2024

ਨੰ: ਅਮਲਾ/ਸਰਮ/ 38

ਸੇਵਾ ਵਿਖੇ,

ਮਾਨਯੋਗ ਰਜਿਸਟਰਾਰ,
ਸਹਿਕਾਰੀ ਸਭਾਵਾਂ,ਪੰਜਾਬ,
ਚੰਡੀਗੜ।

ਵਿਸ਼ਾ:- **ਦੀ ਸੱਦਾ ਸਿੰਘ ਵਾਲਾ** ਬਹੁ-ਮੰਤਵੀ ਸਹਿਕਾਰੀ ਖੇਤੀਬਾੜੀ **ਸੇਵਾ** ਸਭਾ ਲਿਮ: **ਸੱਦਾ ਸਿੰਘ ਵਾਲਾ** ਵਿੱਚ **ਡੀ.ਸੀ. ਰੇਟਾਂ ਤੇ ਸੇਵਾਦਾਰ ਕਮ ਚੌਂਕੀਦਾਰ** ਦੀ ਭਰਤੀ **ਕਰਨ** ਸਬੰਧੀ ਇਸਤਿਹਾਰ ਡਿਪਾਰਟਮੈਂਟ ਦੀ ਵੈਬਸਾਈਟ ਤੇ ਅੱਪਲੋਡ ਕਰਨ ਸਬੰਧੀ ਭੇਜਣ ਬਾਰੇ।

ਹਵਾਲਾ ਆਪ ਜੀ ਦੇ ਦਫਤਰ ਦੇ ਮੀਮੋ ਨੰ: ਰਸਸ/ਰਿਣ-2/ਸੀ.ਈ.ਏ.3/167 ਮਿਤੀ 21.06.2024 ਦੇ ਸਬੰਧ ਵਿੱਚ।

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿਚ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਰਕਲ ਅਧੀਨ ਪੈਂਦੀ ਸਭਾ, ਦੀ ਸੱਦਾ ਸਿੰਘ ਵਾਲਾ ਬਹੁ-ਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ. ਸੱਦਾ ਸਿੰਘ ਵਾਲਾ ਵੱਲੋ ਆਪਣੀ ਸਭਾ ਵਿਚ ਸੇਵਾਦਾਰ ਕਮ ਚੌਂਕੀਦਾਰ ਡੀ.ਸੀ. ਰੇਟਾਂ ਤੇ ਰੱਖਣ ਸਬੰਧੀ ਇਸਤਿਹਾਰ ਮਿਤੀ 12.07.2024 ਨੂੰ ਦੋ ਅਖਬਾਰਾਂ, ਅਜੀਤ (ਪੰਜਾਬੀ ਅਖਬਾਰ) ਅਤੇ ਯੁੱਗ ਮਾਰਗ, ਚੰਡੀਗੜ੍ਹ (ਅੰਗਰੇਜੀ ਅਖਬਾਰ) ਵਿਚ ਪਬਲਿਸ਼ ਕਰਵਾਇਆ ਗਿਆ ਹੈ, ਅਖਬਾਰਾਂ ਵਿਚ ਦਿੱਤਾ ਗਿਆ ਇਸਤਿਹਾਰ ਇਸ ਪੱਤਰ ਨਾਲ ਨੱਥੀ ਕਰਕੇ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਇਸਤਿਹਾਰ ਨੂੰ ਡਿਪਾਰਟਮੈਂਟ ਦੀ ਵੈਬਸਾਈਟ ਤੇ ਅੱਪਲੋਡ ਕਰਨ ਦੀ ਕਿਰਪਾਲਤਾ ਕੀਤੀ ਜਾਵੇ ਜੀ।

ਨੱਥੀ: ਉਕਤ ਅਨੁਸਾਰ।

ਸਹਾਇਕ ਰਜਿਸਟਰਾਰ,
ਸਹਿਕਾਰੀ ਸਭਾਵਾਂ, ਮਾਨਸਾ।

